ਚੀ-1
2026133608
29/10/2026

ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਬਠਿੰਡਾ

OFFICE DISTRICT ELECTION OFFICER. BATHINDA
(Room No. 303, 2nd Floor Mini Secretariat)
No. 0164-2211022 E-mail :-ctbtd@punjab.gov.in

SIR

ਸੇਵਾ ਵਿਖੇ,

ਨੋਡਲ ਅਫਸਰ-ਸਵੀਪ-
ਕਮ-ਜ਼ਿਲ੍ਹਾ ਸਿੱਖਿਆ ਅਫ਼ਸਰ, ਸੈਕੰਡਰੀ
ਬਠਿੰਡਾ

ਪੱਤਰ ਨੰਬਰ: ਚੋਣ-2026/ 2916

ਮਿਤੀ: 28/10/26

ਵਿਸ਼ਾ- **ਸਾਰੇ ਸਕੂਲ ਸਰਕਾਰੀ / aided /ਪ੍ਰਾਈਵੇਟ (ਹਾਈ ਅਤੇ ਸੀਨੀਅਰ ਸੈਕੰਡਰੀ)ਵਿੱਚ ELC ਨੋਡਲ ਅਫਸਰ ਨਿਯੁਕਤ ਕਰਨ ਅਤੇ ਵੋਟਰ ਰਜਿਸਟਰੇਸ਼ਨ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਦੇ ਅਧੀਨ ਆਉਂਦੇ ਸਮੂਹ ਸਰਕਾਰੀ, ਪ੍ਰਾਈਵੇਟ ਅਤੇ AIDED (ਹਾਈ ਅਤੇ ਸੀਨੀਅਰ ਸਕੰਡਰੀ)ਸਕੂਲਾਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ECINet ਐਪ ਜਾਂ ECI ਪੋਰਟਲ ਉੱਪਰ ਆਪਣੇ ਸਕੂਲ ਨੂੰ ਰਜਿਸਟਰ ਕੀਤਾ ਜਾਵੇ ਅਤੇ ELC ਕਲੱਬ ਸਥਾਪਿਤ ਕੀਤੇ ਜਾਣ ਅਤੇ ਇਸ ਸਬੰਧੀ ਜਾਣਕਾਰੀ ਨਾਲ ਨੱਥੀ ਗੂਗਲ ਸ਼ੀਟ ਵਿੱਚ ਅਪਡੇਟ ਕੀਤੀ ਜਾਵੇ । ਇਸ ਕੰਮ ਲਈ ਸਕੂਲ ਵਿੱਚ ਪੋਲ ਸਾਇੰਸ ਲੈਕਚਰਰ ਜਾਂ ਸਮਾਜਿਕ ਸਿੱਖਿਆ ਦੇ ਅਧਿਆਪਕ ਨੂੰ ELC ਨੋਡਲ ਲਗਾਉਣ ਦੀ ਪਹਿਲ ਦਿੱਤੀ ਜਾਵੇ । ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜਿਨ੍ਹਾਂ ਵਿਦਿਆਰਥੀਆਂ ਦੀ ਉਮਰ 01-01-2027 ਨੂੰ 18 ਸਾਲ ਹੋ ਗਈ ਹੈ, ਉਹਨਾਂ ਦੀ ਵੋਟ ਬਣਾਈ ਜਾਣੀ ਲਾਜਮੀ ਹੈ। ਜੇਕਰ ਕੋਈ ਯੋਗ ਵਿਦਿਆਰਥੀ ਦੀ ਵੋਟ ਬਣਨ ਵੱਲੋਂ ਰਹਿ ਜਾਂਦੀ ਹੈ ਤਾਂ ਇਸਦੀ ਨਰੋਲ ਜਿੰਮੇਵਾਰੀ ਸਕੂਲ ਮੁਖੀ ਅਤੇ ELC ਨੋਡਲ ਅਫਸਰ ਦੀ ਹੋਵੇਗੀ। ਵੋਟ ਅਪਲਾਈ ਕਰਵਾਉਣ ਉਪਰੰਤ ਪੂਰਨ ਰਿਕਾਰਡ ELC ਨੋਡਲ ਅਫਸਰ ਵੱਲੋਂ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਸਮੇਂ ਸਮੇਂ ਤੇ ਸਵੀਪ ਗਤੀਵਿਧੀਆਂ ਕਰਵਾਈਆਂ ਜਾਣੀਆਂ ਜਰੂਰੀ ਹਨ, ਜਿਨਾਂ ਦਾ ਰਿਕਾਰਡ ਵੀ ਰੱਖਿਆ ਜਾਣਾ ਜਰੂਰੀ ਹੈ। ਇਸ ਸਬੰਧੀ ਕਿਸੇ ਸਮੇਂ ਵੀ ਸਵੀਪ ਟੀਮ ਵੱਲੋਂ ਰਿਕਾਰਡ ਦੀ ਮੰਗ ਕੀਤੀ ਜਾ ਸਕਦੀ ਹੈ। ਇਹ ਆਪ ਪਾਸ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ- ELC Updation on ECI App or Portal ਗੂਗਲ ਸ਼ੀਟ

ਚੋਣ ਤਹਿਸੀਲਦਾਰ
ਵਾ: ਜ਼ਿਲ੍ਹਾ ਚੋਣ ਅਫਸਰ,
ਬਠਿੰਡਾ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2026/ 1355 ਮਿਤੀ : 30-10-26 Ero (P.S)-System 2 201

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ,ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

30/10/26

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।